Australian Government
Department of Health and Aged Care

medicare

Punjabi




# ਬਲਕ ਬਿਲਿੰਗ ਅਤੇ ਮੈਡੀਕੇਅਰ ਬਾਰੇ

ਬਲਕ ਬਿਲਿੰਗ ਮੈਡੀਕੇਅਰ ਕਾਰਡਧਾਰਕਾਂ ਨੂੰ ਮੁਫਤ ਸਿਹਤ ਦੇਖਭਾਲ ਤੱਕ ਪਹੁੰਚ ਕਰਨ ਦੀ ਇਜਾਜ਼ਤ ਦਿੰਦੀ ਹੈ, ਜਿਸ ਨਾਲ ਤੁਹਾਨੂੰ ਲੋੜ ਪੈਣ ‘ਤੇ ਲੋੜੀਂਦੀ ਦੇਖਭਾਲ ਪ੍ਰਾਪਤ ਕਰਨਾ ਆਸਾਨ ਹੋ ਜਾਂਦਾ ਹੈ।

ਆਸਟ੍ਰੇਲੀਆ ਸਰਕਾਰ ਇਹ ਯਕੀਨੀ ਬਣਾਉਣ ਲਈ ਮੈਡੀਕੇਅਰ ਵਿੱਚ ਨਿਵੇਸ਼ ਕਰ ਰਹੀ ਹੈ ਕਿ ਆਸਟ੍ਰੇਲੀਆ ਦੇ ਲੋਕਾਂ ਕੋਲ ਕਿਫਾਇਤੀ ਸਿਹਤ ਦੇਖਭਾਲ, ਜ਼ਰੂਰੀ ਦੇਖਭਾਲ ਅਤੇ ਮਾਨਸਿਕ ਸਿਹਤ ਸਹਾਇਤਾ ਤੱਕ ਬਿਹਤਰ ਪਹੁੰਚ ਹੋਵੇ।

## ਬਲਕ ਬਿਲਿੰਗ ਕੀ ਹੈ?

ਬਲਕ ਬਿਲਿੰਗ ਦਾ ਮਤਲਬ ਹੈ ਕਿ ਤੁਸੀਂ ਸੇਵਾ ਲਈ ਕੁਝ ਵੀ ਭੁਗਤਾਨ ਨਹੀਂ ਕਰਦੇ ਹੋ। ਮੈਡੀਕੇਅਰ ਤੁਹਾਡੇ ਡਾਕਟਰ ਨੂੰ ਸਿੱਧੇ ਤੌਰ ‘ਤੇ ਭੁਗਤਾਨ ਕਰਦਾ ਹੈ, ਜੋ ਬਿਨਾਂ ਜੇਬ ਤੋਂ ਖਰਚਾ ਕੀਤੇ ਸਿਹਤ ਦੇਖਭਾਲ ਤੱਕ ਪਹੁੰਚ ਕਰਨ ਦਾ ਇੱਕ ਤਰੀਕਾ ਪ੍ਰਦਾਨ ਕਰਦਾ ਹੈ।

## ਬਲਕ ਬਿਲਿੰਗ ਕਿਵੇਂ ਕੰਮ ਕਰਦੀ ਹੈ?

- **ਕਦਮ 1: ਆਪਣੇ ਜੀ ਪੀ ਜਾਂ ਸਿਹਤ ਸੰਭਾਲ ਪੇਸ਼ੇਵਰ ਨੂੰ ਮਿਲੋ।** ਜੇਕਰ ਤੁਹਾਡਾ ਡਾਕਟਰ ਬਲਕ ਬਿਲਿੰਗ ਦੀ ਪੇਸ਼ਕਸ਼ ਕਰਦਾ ਹੈ, ਤਾਂ ਤੁਹਾਨੂੰ ਆਪਣੀ ਮੁਲਾਕਾਤ ਲਈ ਆਪਣਾ ਮੈਡੀਕੇਅਰ ਕਾਰਡ ਨਾਲ ਲਿਆਉਣ ਦੀ ਲੋੜ ਹੈ।
- **ਕਦਮ 2:** ਤੁਹਾਡੀ ਇਜਾਜ਼ਤ ਨਾਲ, **ਤੁਹਾਡਾ ਜੀ ਪੀ** ਪ੍ਰਦਾਨ ਕੀਤੀ ਸੇਵਾ ਲਈ **ਸਿੱਧਾ ਮੈਡੀਕੇਅਰ ਕੋਲ ਦਾਅਵਾ ਕਰਦਾ ਹੈ।**
- **ਕਦਮ 3: ਕਿਸੇ ਭੁਗਤਾਨ ਦੀ ਲੋੜ ਨਹੀ ਹੈ।** ਕਿਉਂਕਿ ਮੈਡੀਕੇਅਰ ਤੁਹਾਡੇ ਡਾਕਟਰ ਨੂੰ ਸਿੱਧਾ ਭੁਗਤਾਨ ਕਰਦਾ ਹੈ, ਤੁਹਾਨੂੰ ਆਪਣੀ ਮੁਲਾਕਾਤ ‘ਤੇ ਕੁਝ ਵੀ ਭੁਗਤਾਨ ਕਰਨ ਦੀ ਲੋੜ ਨਹੀਂ ਹੈ।

## ਕਿਹੜੀਆਂ ਸੇਵਾਵਾਂ ਲਈ ਆਮ ਤੌਰ 'ਤੇ ਬਲਕ ਬਿਲ ਕੀਤਾ ਜਾਂਦਾ ਹੈ?

- **ਜਨਰਲ ਪ੍ਰੈਕਟੀਸ਼ਨਰ (ਜੀ ਪੀ) ਕੋਲ ਜਾਣਾ ਅਤੇ ਟੈਲੀਹੈਲਥ ਸੇਵਾਵਾਂ:** ਬਹੁਤ ਸਾਰੇ ਜੀਪੀ ਬਲਕ ਬਿਲਿੰਗ ਦੀ ਪੇਸ਼ਕਸ਼ ਕਰਦੇ ਹਨ, ਖਾਸ ਤੌਰ 'ਤੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ, ਪੈਨਸ਼ਨਰਾਂ, ਜਾਂ ਹੈਲਥ ਕੇਅਰ ਕਾਰਡ ਵਾਲਿਆਂ ਲਈ।
- **ਪੈਥੋਲੋਜੀ ਅਤੇ ਰੋਗ ਲੱਭਣ ਵਾਲੀਆਂ (ਡਾਇਗਨੌਸਟਿਕ) ਸੇਵਾਵਾਂ:** ਖ਼ੂਨ ਦੇ ਕੁਝ ਟੈਸਟ ਅਤੇ ਐਕਸ-ਰੇ ਬਲਕ ਬਿਲ ਕੀਤੇ ਜਾ ਸਕਦੇ ਹਨ ਪਰ ਇਹ ਸੇਵਾ ਪ੍ਰਦਾਨ ਕਾਰਨ ਵਾਲੇ 'ਤੇ ਨਿਰਭਰ ਕਰਦਾ ਹੈ।
- **ਅੱਖਾਂ ਦੇ ਟੈਸਟ**: ਬਹੁਤ ਸਾਰੇ ਅੱਖਾਂ ਦੀ ਜਾਂਚ ਕਰਨ ਵਾਲੇ ਬਲਕ ਬਿਲਡ ਅੱਖਾਂ ਦੇ ਟੈਸਟ ਕਰਦੇ ਹਨ।
- **ਦੰਦਾਂ ਦੀ ਜਾਂਚ:** ਬਹੁਤ ਸਾਰੇ ਦੰਦਾਂ ਦੇ ਡਾਕਟਰ ਚਾਈਲਡ ਡੈਂਟਲ ਬੈਨੀਫਿਟਸ ਅਨੁਸੂਚੀ (CDBS) ਦੇ ਅਧੀਨ ਯੋਗ ਬੱਚਿਆਂ ਲਈ ਬਲਕ ਬਿਲ ਦੰਦਾਂ ਦੀ ਜਾਂਚ ਦੀ ਪੇਸ਼ਕਸ਼ ਕਰਦੇ ਹਨ।


## ਜੇ ਮੇਰਾ ਡਾਕਟਰ ਬਲਕ ਬਿਲ ਸੇਵਾਵਾਂ ਦੀ ਪੇਸ਼ਕਸ਼ ਨਹੀਂ ਕਰਦਾ ਤਾਂ ਕੀ ਹੋਵੇਗਾ?

ਜੇਕਰ ਤੁਹਾਡਾ ਡਾਕਟਰ ਬਲਕ ਬਿਲਿੰਗ ਦੀ ਪੇਸ਼ਕਸ਼ ਨਹੀਂ ਕਰਦਾ ਹੈ, ਤਾਂ ਤੁਸੀਂ ਪੂਰੀ ਲਾਗਤ ਦਾ ਭੁਗਤਾਨ ਕਰਨ ਤੋਂ ਬਾਅਦ ਵੀ ਮੈਡੀਕੇਅਰ ਲਾਭ ਦਾ ਦਾਅਵਾ ਕਰ ਸਕਦੇ ਹੋ।

- **ਪਹਿਲਾਂ ਭੁਗਤਾਨ ਕਰਨਾ:** ਤੁਸੀਂ ਪੂਰੀ ਫ਼ੀਸ ਦਾ ਭੁਗਤਾਨ ਕਰਦੇ ਹੋ ਅਤੇ ਫਿਰ ਸੇਵਾ ਲਈ ਮੈਡੀਕੇਅਰ ਤੋਂ ਪੈਸੇ ਵਾਪਿਸ ਲੈਣ ਲਈ ਦਾਅਵਾ ਕਰਦੇ ਹੋ। ਮੈਡੀਕੇਅਰ ਲਾਭ ਪ੍ਰਾਪਤ ਕਰਨ ਬਾਰੇ ਹੋਰ ਜਾਣਕਾਰੀ ਲਈ, ਸਰਵਿਸਿਜ਼ ਆਸਟ੍ਰੇਲੀਆ ਦੀ ਵੈੱਬਸਾਈਟ 'ਤੇ ਜਾਓ।

## ਤੁਹਾਡੇ ਨੇੜਲੇ ਬਲਕ ਬਿਲਿੰਗ ਪ੍ਰਦਾਤਿਆਂ ਨੂੰ ਕਿਵੇਂ ਲੱਭਣਾ ਹੈ

- **ਔਨਲਾਈਨ ਟੂਲਜ਼ ਦੀ ਵਰਤੋਂ ਕਰੋ:** 'ਫਾਇੰਡ ਆ ਹੈਲਥ ਸਰਵਿਸ' (ਸਿਹਤ ਸੇਵਾ ਲੱਭੋ) ਖੋਜ ਟੂਲ ਤੁਹਾਨੂੰ ਜੀ ਪੀ ਅਤੇ ਮਾਹਰਾਂ ਨੂੰ ਲੱਭਣ ਵਿੱਚ ਮਦਦ ਕਰ ਸਕਦਾ ਹੈ ਜੋ ਬਲਕ ਬਿਲਿੰਗ ਦੀ ਪੇਸ਼ਕਸ਼ ਕਰਦੇ ਹਨ।
- **ਪਹਿਲਾਂ ਫ਼ੋਨ ਕਰੋ:** ਤੁਹਾਡੀ ਮੁਲਾਕਾਤ ਤੋਂ ਪਹਿਲਾਂ, ਕਲੀਨਿਕ ਨੂੰ ਇਹ ਪੁੱਛਣ ਲਈ ਫ਼ੋਨ ਕਰੋ ਕਿ ਕੀ ਉਹ ਬਲਕ ਬਿਲ ਕਰਦੇ ਹਨ ਅਤੇ ਕੀ ਕੋਈ ਸ਼ਰਤਾਂ ਲਾਗੂ ਹੁੰਦੀਆਂ ਹਨ, ਜਿਵੇਂ ਕਿ ਉਮਰ ਜਾਂ ਹੈਲਥ ਕੇਅਰ ਕਾਰਡ ਦੀ ਸਥਿਤੀ।



## ਹੋਰ ਜਾਣਕਾਰੀ

**ਨਵੇਂ ਬਲਕ ਬਿਲਿੰਗ ਲਾਭਾਂ ਰਾਹੀਂ ਹੁਣ ਹੋਰ ਵਧੇਰੇ ਆਸਟ੍ਰੇਲੀਆ ਦੇ ਲੋਕਾਂ ਕੋਲ ਮੁਫ਼ਤ ਜੀ ਪੀ ਸੇਵਾਵਾਂ ਤੱਕ ਪਹੁੰਚ ਹੈ। ਮੈਡੀਕੇਅਰ ਤੁਹਾਡੀ ਮਦਦ ਕਿਵੇਂ ਕਰ ਸਕਦਾ ਹੈ ਇਸ ਬਾਰੇ ਹੋਰ ਜਾਣਨ ਲਈ, medicare.gov.au/stronger**

ਹੋਰ ਜਾਣਨ ਲਈ ਸਕੈਨ ਕਰੋ